ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਐਸ.ਏ.ਐਸ ਨਗਰ, ਪੰਜਾਬ।

ਹੁਕਮ ਨੰ:: (20897 ਸਰਰ) 7/42-17 ਅ3(3) ਕੋ:ਸ:2
ਮਿਤੀ, ਐਸ.ਏ.ਐਸ ਨਗਰ :: 08-05-2017

ਸ੍ਰੀਮਤੀ ਵਰਿੰਦਰਜੀਤ ਕੌਰ, ਸ.ਸ. ਮਿਸਟ੍ਰੈਸ, ਸਸਸਸ ਬਰਿਆਰ ਜਿਲਾ ਗੁਰਦਾਸਪੁਰ ਨੂੰ ਮਿਤੀ 01-06-17 ਤੋਂ ਮਿਤੀ 29-06-17 ਤੱਕ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਟੇਸ਼ਨ ਲੀਵ ਵਿਦੇਸ਼ (ਕਨੇਡਾ) ਜਾਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਮੰਜੂਰੀ ਦਿੱਤੀ ਜਾਂਦੀ ਹੈ:-

1. ਜੇਕਰ ਮਿਤੀ 01-06-17 ਤੋਂ 30-06-17 ਤੱਕ ਗਰਮੀਆਂ ਦੀਆਂ ਛੁੱਟੀਆਂ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਕਰਮਚਾਰੀ/ਕਰਮਚਾਰਨ ਆਪਣੀ ਛੁੱਟੀ ਮੰਜੂਰ ਕਰਵਾਕੇ ਹੀ ਵਿਦੇਸ ਜਾਵੇਗਾ/ਜਾਵੇਗੀ।
2. ਕਰਮਚਾਰੀ/ਅਧਿਕਾਰੀ ਆਪਣੀ ਛੁੱਟੀ ਵਿਚ ਵਾਧਾ ਨਹੀ ਕਰੇਗਾ/ ਕਰੇਗੀ।
3. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਜਾ ਕੇ ਦੇਸ਼ ਵਿਰੋਧੀ ਗਤੀਵਿਧੀਆ ਵਿਚ ਹਿਸਾ ਨਹੀ ਲਵੇਗਾ/ਲਵੇਗੀ।
4. ਕਰਮਚਾਰੀ/ਅਧਿਕਾਰੀ ਛੁੱਟੀ ਖਤਮ ਹੋਣ ਤੇ ਵਾਪਸ ਹਾਜਰ ਨਹੀ ਹੁੰਦਾ/ਹੁੰਦੀ ਤਾਂ ਉਸ ਵਲੋ ਦਿੱਤੇ ਹਲਫੀਆ ਬਿਆਨ ਅਨੁਸਾਰ ਉਸਦਾ ਸਰਕਾਰੀ ਨੌਕਰੀ ਤੋ ਅਸਤੀਫਾ ਪ੍ਰਵਾਨ ਕਰ ਲਿਆ ਜਾਵੇਗਾ।
5. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਰਹਿੰਦੇ ਹੋਏ ਆਪਣੀ ਆਮਦਨ ਲਈ ਕਿਸੇ ਹੋਰ ਜਗ੍ਹਾ ਨੌਕਰੀ ਨਹੀਂ ਕਰੇਗਾ/ ਕਰੇਗੀ।
6. ਕਰਮਚਾਰੀ/ਅਧਿਕਾਰੀ ਖਿਲਾਫ ਕੋਈ ਪੁਲਿਸ/ਵਿਜੀਲੈਂਸ ਕੇਸ /ਵਿਭਾਗੀ ਪੈਂਡਿੰਗ ਪੜਤਾਲ/ਏ.ਜੀ. ਪੰਜਾਬ ਵੱਲੋਂ ਆਡਿਟ ਇਤਰਾਜ ਅਤੇ ਐਲ.ਟੀ.ਸੀ ਆਦਿ ਸਬੰਧੀ ਕੋਈ ਕੇਸ ਪੈਂਡਿੰਗ ਨਾ ਹੋਵੇ।
7. ਜੇਕਰ ਕਿਸੇ ਕਾਰਨ ਮੰਜੂਰ ਹੋਈ ਛੁੱਟੀ ਸਬੰਧਤ ਕਰਮਚਾਰੀ ਵੱਲੋਂ ਅਵੇਲ ਨਹੀਂ ਕੀਤੀ ਜਾਂਦੀ, ਤਾਂ ਮੰਜੂਰ ਕੀਤੀ ਛੁੱਟੀ ਰੱਦ ਸਮਝੀ ਜਾਵੇਗੀ।

ਸੁਖਦੇਵ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 5942-44 ਮਿਤੀ :- 8/5/17

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ :-

1. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਗੁਰਦਾਸਪੁਰ ਨੂੰ ਉਨ੍ਹਾਂ ਦੇ ਪੱਤਰ ਨੰ: ਅ-4/2017/1008 ਮਿਤੀ 02.05.17 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਦਾ ਹੈ ਕਿ ਕਰਮਚਾਰੀ/ ਅਧਿਕਾਰੀ ਦੀ ਛੁੱਟੀ ਉਪਰੰਤ ਸਮੇਂ ਸਿਰ ਹਾਜ਼ਰ ਹੋਣ/ਨਾ ਹੋਣ ਸਬੰਧੀ ਸੂਚਨਾ ਇਸ ਦਫਤਰ ਨੂੰ ਉਪਲੱਬਧ ਕਰਾਉਣੀ ਯਕੀਨੀ ਬਣਾਈ ਜਾਵੇ।
2 ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ ਬਰਿਆਰ ਜਿਲਾ ਗੁਰਦਾਸਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਧਿਕਾਰੀ/ਕਰਮਚਾਰੀ ਦੀ ਛੁੱਟੀ ਸਬੰਧੀ ਇੰਦਰਾਜ ਸੇਵਾ ਪੱਤਰੀ ਵਿੱਚ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18-10-2012 ਅਨੁਸਾਰ ਕਰਮਚਾਰੀ/ਅਧਿਕਾਰੀ ਦੀ ਛੁੱਟੀ 10 ਦਿਨ ਤੋ ਵੱਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ।
3 ਸ੍ਰੀਮਤੀ ਵਰਿੰਦਰਜੀਤ ਕੌਰ, ਸ.ਸ. ਮਿਸਟ੍ਰੈਸ, ਸਸਸਸ ਬਰਿਆਰ ਜਿਲਾ ਗੁਰਦਾਸਪੁਰ।

8/5/17
ਸਹਾਇਕ ਡਾਇਰੈਕਟਰ ਕੋਆਰਡੀਨੇਸ਼ਨ ਸੈਲ

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ ਨਗਰ**
**(ਕੋਆਰਡੀਨੇਸ਼ਨ ਸੈਲ)**
**(ਸੋਧ ਪੱਤਰ)**

ਵੱਲ

ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ)
ਗੁਰਦਾਸਪੁਰ।

ਮੀਮੋ ਨੰ: 7/21-17 ਅ-3(3) (ਕੋ:ਸ:2)/
ਮਿਤੀ, ਐਸ.ਏ.ਐਸ ਨਗਰ:

ਵਿਸ਼ਾ: ਵਿਦੇਸ਼ ਛੁੱਟੀ ਸ਼੍ਰੀਮਤੀ ਗੁਰਮੀਤ ਕੌਰ, ਹਿੰਦੀ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਗੁਰਦਾਸਪੁਰ।

ਹਵਾਲਾ: ਇਸ ਦਫਤਰ ਦਾ ਹੁਕਮ ਨੰ:(14403 ਸਰਰ) 7/21-17 ਅ 3(3) (ਕੋ:ਸ:3)/5457-59 ਮਿਤੀ 25.04.17/27.04.17 ਦੇ ਸਬੰਧ ਵਿੱਚ।

ਹਵਾਲਾ ਅਧੀਨ ਹੁਕਮਾਂ ਰਾਹੀਂ ਸ਼੍ਰੀਮਤੀ ਗੁਰਮੀਤ ਕੌਰ, ਹਿੰਦੀ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਗੁਰਦਾਸਪੁਰ ਨੂੰ ਮਿਤੀ 01-06-2017 ਤੋਂ ਮਿਤੀ 30-06-2017 ਤੱਕ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਟੇਸ਼ਨ ਲੀਵ ਅਤੇ ਮਿਤੀ 01-07-2015 ਤੋਂ ਮਿਤੀ 15-07-2015 ਤੱਕ ਅੱਧੀ ਤਨਖਾਹ ਛੁੱਟੀ ਵਿਦੇਸ਼(ਯੂ.ਐਸ.ਏ./ਕਨੇਡਾ) ਜਾਣ ਲਈ ਮੰਜੂਰ ਕੀਤੀ ਗਈ ਸੀ। ਜਾਰੀ ਕੀਤੇ ਹੁਕਮਾਂ ਵਿੱਚ ਛੁੱਟੀ ਦੀ **ਮਿਤੀ 01-07-2015 ਤੋਂ ਮਿਤੀ 15-07-2015 ਦੀ ਥਾਂ ਹੁਣ ਮਿਤੀ 01-07-2017 ਤੋਂ ਮਿਤੀ 15-07-2017 ਤੱਕ ਅੱਧੀ ਤਨਖਾਹ ਛੁੱਟੀ** ਪੜ੍ਹੀ ਜਾਵੇ। ਬਾਕੀ ਦੀਆਂ ਸ਼ਰਤਾ ਪਹਿਲੇ ਜਾਰੀ ਕੀਤੇ ਹੁਕਮਾਂ ਵਿੱਚ ਦਰਜ ਇੰਨ-ਬਿੰਨ ਰਹਿਣਗੀਆਂ।

8.5.17
ਸਹਾਇਕ ਡਾਇਰੈਕਟਰ ਕੋਆਰਡੀਨੇਸ਼ਨ ਸੈਲ

ਪਿੱਠ ਅੰਕਣ ਨੰ:ਉਕਤ/ 5939-41 ਮਿਤੀ, ਐਸ.ਏ.ਐਸ ਨਗਰ:- 8/5/17

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਪ੍ਰਿੰਸੀਪਲ/ਮੁੱਖਅਧਿਆਪਕ, ਸਹਸ ਕਾਹਲਵਾਂ, ਜ਼ਿਲ੍ਹਾ ਗੁਰਦਾਸਪੁਰ।
2. ਸ਼੍ਰੀਮਤੀ ਗੁਰਮੀਤ ਕੌਰ, ਹਿੰਦੀ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਗੁਰਦਾਸਪੁਰ

8.5.17
ਸਹਾਇਕ ਡਾਇਰੈਕਟਰ ਕੋਆਰਡੀਨੇਸ਼ਨ ਸੈਲ